Dhillon
Cinema
HD Wedding Films · Steadicam · Camera Crane · Next Day Highlights · Bluray



provide you high quality images & special effects on yours images & Cinematic wedding Videography by using multiple DSLR cameras, lenses, steadicams and camera cranes to turn your special day into a magical memory

Book now to get
$250
OFF
Present this ad

**Partap Singh Dhillon**

**778-385-0506**

www.dhilloncinema.com
partapcinema@gmail.com


# ਲੈਫਟੀਨੈਂਟ ਕਰਨਲ ਪ੍ਰੀਤਮ ਸਿੰਘ ਜੌਹਲ ਦੀ ਪੁਸਤਕ 'ਏ ਸੋਲਜ਼ਰ ਰੀਮੈਂਬਰਜ਼' ਦਾ ਸ਼ਾਨਦਾਰ ਰਿਲੀਜ਼ ਸਮਾਰੋਹ



**ਸਰ੍ਹੀ**–ਭਾਰਤੀ ਫੌਜ ਦੇ ਰਿਟਾਇਰਡ ਲੈਫ. ਕਰਨਲ ਪ੍ਰੀਤਮ ਸਿੰਘ ਜੌਹਲ ਦੀ ਪੁਸਤ 'ਏ ਸੋਲਜ਼ਰ ਰੀਮੈਂਬਰਜ਼' ਪਿਛਲੇ ਦਿਨੀਂ ਇਥੇ ਨਿਊਟਨ ਲਾਇਬਰੇਰੀ ਵਿਖੇ ਆਯੋਜਿਤ ਸਮਾਗਮ ਵਿੱਚ ਰੀਲੀਜ ਕੀਤੀ ਗਈ। ਇਹ ਪੁਸਤਕ ਸ. ਜੌਹਲ ਨੂੰ ਸਾਲ 1993 ਦੌਰਾਨ ਸਥਾਨਕ ਲੀਜ਼ਨ ਅੰਦਰ ਪੱਗ ਬੰਨ੍ਹ ਕੇ ਜਾਣ ਤੋਂ ਰੋਕੇ ਜਾਣ ਅਤੇ ਉਨ੍ਹਾਂ ਵਲੋਂ ਇਸ ਸਬੰਧੀ ਕੀਤੇ ਕਾਮਯਾਬ ਸੰਘਰਸ਼ ਤੋਂ ਇਲਾਵਾ ਨਵੇਂ ਸਿੱਖ ਇਮੀਗਰਾਂਟਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦਰਸਾਉਂਦੀ ਹੈ।

ਉਕਤ ਪੁਸਤਕ ਰਿਲੀਜ ਸਮਾਰੋਹ ਵਿੱਚ ਹੋਰਨਾਂ ਪਤਵੰਤਿਆਂ ਤੋਂ ਇਲਾਵਾ ਬੀ.ਸੀ. ਅਸੰਬਲੀ ਦੇ ਸਰ੍ਹੀ ਟਾਇਨਹੈੱਡ ਹਲਕੇ ਤੋਂ 12 ਸਾਲ ਤੱਕ ਵਿਧਾਇਕ ਰਹੇ ਸ੍ਰੀ ਦੇਵ ਹੇਅਰ, ਸਾਬਕਾ ਸੂਬਾਈ ਅਤੇ ਫੈਡਰਲ ਮੰਤਰੀ ਸ੍ਰਮਤੀ ਪੈਨੀ ਪਰਿਡੀ, ਗਰੀਨ ਟਿੰਬਰ ਹਲਕੇ ਦੀ ਵਧਿਾਇਕ ਸੂਅ ਹੈਮਲ, ਮੈਂਬਰ ਪਾਰਲੀਮੈਂਟ ਜਸਬੀਰ ਸੰਧੂ ਅਤੇ ਮਾਸਟਰ ਵਾਰੰਟ ਅਫਸਰ ਹਫੀਜ਼ ਮਲਿਕ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਸ. ਜੌਹਲ ਵਲੋਂ ਕਨੇਡੀਅਨ ਭਾਈਚਾਰੇ ਨੂੰ ਪ੍ਰਫੁੱਲਤ ਕਰਨ ਲਈ ਪਾਏ ਯੋਗਦਾਨ ਨੂੰ ਮਹੱਤਵਪੂਰਨ ਦੱਸਿਆ। ਇਸ ਮੌਕੇ ਤੇ ਸਰ੍ਹੀ ਨਾਰਥ ਅਸੰਬਲੀ ਹਲਕੇ ਦੇ ਵਿਧਾਇਕ ਬਰੂਸ ਰਾਲਸਟਨ ਅਤੇ ਸਰ੍ਹੀ ਦੀ ਮੇਅਰ ਡਾਇਨਾ ਵਾਟਸ ਦੇ ਵਧਾਈ ਸੰਦੇਸ਼ ਵੀ ਪੜ੍ਹ ਕੇ ਸੁਣਾਏ ਗਏ।






# ਜਰਨਲ ਮੋਟਰਜ਼ ਦੀ ਮੈਰੀ ਬਾਰਾ ਬਣੀ ਨਵੀਂ ਸੀ.ਈ.ਓ.

